ਰਾਮ ਮੰਦਰ ਅਤੇ ਹਰੀ ਮੰਦਰ ਦੇ ਅੰਦਰਲੇ ਦ੍ਰਿਸ਼ Inner view of Ram Mandir and Hari Mandir

NAMDHARI DARBAR

SRI BHAINI SAHIB (PUNJAB)

Namdhari Elibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਦਰਸ਼ਨ ਸ੍ਰੀ ਭੈਣੀ ਸਾਹਿਬ ਦੇ

Visiting Sri Bhaini Sahib

ਰਾਮ ਮੰਦਰ
RAM MANDIR

The first Indian (Guru Ram Singh) to use non-cooperation and boycott of British merchandise and services as a political weapon.

-The Encyclopaedia Britannica

*****

No Indian can deny the importance of efforts put in by Satguru Ram Singh and his followers, sixty years ago for achieving the freedom of the country. Congress merely followed the path shown by them.

-Pandit Jawaharlal Nehru 17.2.1939

*****

The contribution of the Namdhari Sikhs to the freedom movement has been specially significant and unique in its own way.

-Prime Minister Indira Gandhi- 16.3.1981

*****

One of the most interesting efforts to expel the British was the Kuka Movement initiated on 12th April 1857 by Guru Ram Singh. He was a simple peasant, but had great personal qualities which attracted the loyalty and allegiance of large sections of people in the Punjab. It was said that his coming had been foretold in Sikh prophecies and his followers claimed that he was an incarnation of Guru Govind Singh.

-Humayun Kabir

*****

Namdhari Sikhs have a place in the history of the freedom movement of India. (Guru) Ram Singh was the first man to evolve non-cooperation and the use of Swadeshi (indigenous goods) as political weapons.The boycott of British goods, government schools, law courts, and the postal service and the exhortation to wear only hand-spun cloth (Khaddar) which (Guru) Ram Singh propagated in the 1860's were taken up again sixty years later by Mahatma Gandhi."

-Khushwant Singh

*****

The truth is that it is not possible for a Kuka tobe a loyal subject of the British Government.

-Ludhiana District Gazetteer-1904



VPI/27/M/2009

उप-राष्ट्रपति, भारत

VICE-PRESIDENT OF INDIA

MESSAGE

I am happy to know that Namdhari Darbar is bringing out a book on Sri Bhaini Sahib, the village where Satguru Ram Singh started the Kuka Movement.

A social reformer, spiritual guide and a national leader, Satguru Ram Singh contributed immensely to the freedom movement through his emphasis on non-cooperation with the British. His efforts contributed significantly in uniting our countrymen during the struggle for independence.

I wish the Namdhari Darbar all success in its endeavours.

(M. HAMID ANSARI)

New Delhi
9th November, 2009

Namdhari Elibrary NamdhariElibrary@gmail.com

ਸ੍ਰੀ ਭੈਣੀ ਸਾਹਿਬ

ਪੰਜਾਬ ਦੇ ਸਧਾਰਨ ਜਿਹੇ ਪਿੰਡ ਰਾਈਆਂ ਦੀ ਪੱਤੀ ਦਾ ਭੈਣੀ ਭੂੰਦੜ ਤੋਂ ਸ੍ਰੀ ਭੈਣੀ ਸਾਹਿਬ ਦਾ ਸਤਿਕਾਰ ਪ੍ਰਾਪਤ ਕਰਨਾ, ਇਸ ਤੋਂ ਉਪਜੀ ਉਸ ਸੁਤੰਤਰਤਾ ਦੀ ਲਹਿਰ ਕਾਰਨ ਸੀ ਜਿਸਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਨ ਅਤੇ ਨਾਮਿਲਵਰਤਨ ਤੇ ਸੁਦੇਸ਼ੀ ਇਸ ਅਜ਼ਾਦੀ ਦੀ ਲੜਾਈ ਦੇ ਪਹਿਲੀ ਵਾਰ ਵਰਤੇ ਗਏ ਨਿਵੇਕਲੇ ਹਥਿਆਰ ਸਨ। ਸ੍ਰੀ ਸਤਿਗੁਰੂ ਜੀ ਨੇ ਏਸੇ ਥਾਂ ਤੇ ਅਕਾਲ ਬੁੰਗੇ ਵਿੱਚ ਬੈਠ ਕੇ ਪਹਿਲਾਂ ਤਪੱਸਿਆ ਤੇ ਚਿੰਤਨ ਕੀਤਾ ਅਤੇ ੧੨ ਅਪਰੈਲ ੧੮੫੭ ਈ. ਨੂੰ ਸੁਤੰਤਰਤਾ ਦਾ ਪ੍ਰਤੀਕ ਝੰਡਾ ਝੁਲਾਇਆ। ਉਹਨਾਂ ਜਨ-ਸਧਾਰਨ ਦੇ ਪ੍ਰਸਾਦੇ ਪਾਣੀ ਲਈ ਅਮਰ ਲੋਹ ਚਲਾਈ। ਅੰਗਰੇਜ਼ਾਂ ਨੇ ਸੁਤੰਤਰਤਾ ਦੀ ਜਵਾਲਾ ਨੂੰ ਸ਼ਾਂਤ ਕਰਨ ਲਈ ਅਤੇ ਇਸਦੇ ਸੇਕ ਤੋਂ ਬਚਣ ਲਈ ਦੇਸ਼ ਭਗਤ, ਚੰਗੇ ਇਨਸਾਨਾਂ ਦੇ ਰਹਿਨੁਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ ਬਦਰ ਕੀਤਾ, ਸ੍ਰੀ ਭੈਣੀ ਸਾਹਿਬ ਮੁਖ ਕੇਂਦਰ ਦੇ ਬੂਹੇ ਅੱਗੇ ਪੁਲਿਸ ਚੌਕੀ ਬਿਠਾਈ ਅਤੇ ਪੰਜ ਨਾਮਧਾਰੀ ਸਿੱਖਾਂ ਦੇ ਇਕੱਠੇ ਹੋਣ ਵਿਰੁੱਧ ਵੀ ਨਾਦਰਸ਼ਾਹੀ ਫਰਮਾਨ ਗੋਰਾਸ਼ਾਹੀ ਨੇ ਜਾਰੀ ਕੀਤਾ। ਏਸੇ ਥਾਂ ਤੇ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਆਸਣ ਲਾ ਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਰਹਿਤ ਮਰਯਾਦਾ ਅਤੇ ਸੁਤੰਤਰਤਾ ਦੇ ਸੰਘਰਸ਼ ਦੀ ਵਿਓਂਤਬੰਦੀ ਕਰਦੇ ਰਹੇ ਅਤੇ ਵਿਦੇਸ਼ਾਂ ਨਾਲ ਸੰਬੰਧ ਸਥਾਪਤ ਕੀਤੇ। ਪੁਲਿਸ ਚੌਕੀ ਸਮੇਂ ਹੀ ਸ੍ਰੀ ਭੈਣੀ ਸਾਹਿਬ ਦੇ ਜੇਲ੍ਹਨੁਮਾ ਗੁਰੂਘਰ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਾਦਰਭਾਵ ਹੋਇਆ। ਉਹਨਾਂ ਨੇ ਉਹੀ ਜਵਾਲਾ ਪ੍ਰਜਵਲਿਤ ਰੱਖੀ ਅਤੇ ੧੯੪੭ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਿਲਵਰਤਨ ਅਤੇ ਸੁਦੇਸ਼ੀ ਦੇ ਹਥਿਆਰਾਂ ਨੂੰ ਅਪਨਾਉਣ ਵਾਲੇ ਦੇਸ਼ ਭਗਤਾਂ ਦਾ ਸਾਥ ਦੇ ਕੇ ਭਾਰਤ ਉੱਤੇ ਅਜ਼ਾਦੀ ਦਾ ਝੰਡਾ ਲਹਿਰਾਇਆ ਗਿਆ।

ਅਜ਼ਾਦੀ ਬਰਬਾਦੀ ਵੀ ਲੈ ਕੇ ਆਈ। ਦੇਸ਼ ਦੀ ਵੰਡ ਨੇ ਲੱਖਾਂ ਹਿੰਦੀਆਂ ਦਾ ਜਾਨੀ ਨੁਕਸਾਨ ਕੀਤਾ ਅਤੇ ਕਰੋੜਾਂ ਅਰਬਾਂ ਦਾ ਮਾਲੀ ਨੁਕਸਾਨ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉੱਜੜ ਕੇ ਆਏ ਲੋਕਾਂ ਦੇ ਮੁੜ ਵਸੇਬੇ ਲਈ ਉਹਨਾਂ ਦੀ ਪਿੱਠ ਤੇ ਹੱਥ ਰੱਖਿਆ ਅਤੇ ਉਹਨਾਂ ਦੇ ਵੱਡੇ ਸਾਹਿਬਜ਼ਾਦੇ, ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਮੁੜ ਵਸੇਬੇ ਵਿੱਚ ਆਪ ਜੀ ਦੀ ਆਗਿਆ ਅਨੁਸਾਰ ਮਹੱਤਵਪੂਰਨ ਕਾਰਜ ਕੀਤਾ।

ਸ੍ਰੀ ਭੈਣੀ ਸਾਹਿਬ ਵਿਖੇ ਹੀ ੧੯੫੯ ਵਿੱਚ ਓਸੇ ਰਾਜਯੋਗ ਗੱਦੀ ਨੂੰ ਸੁਭਾਇਮਾਨ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਜਾਂ ਮਹਾਂਦੀਪਾਂ ਵਿੱਚ ਸਿੱਖੀ ਦਾ ਡੰਕਾ ਵਜਾਇਆ, ਚੰਗੇ ਇਨਸਾਨ ਬਣਾ ਕੇ, ਚੰਗੀ ਦੁਨੀਆਂ ਦਾ ਟੀਚਾ ਮਿਥ ਕੇ ਉਸ ਦੁਨੀਆਂ ਨੂੰ ਵਿਸ਼ਵ ਅਮਨ, ਸੁਖ ਸ਼ਾਂਤੀ ਦੇ ਰਾਹ ਤੋਰਨ ਲਈ ਦੇਸ ਅਤੇ ਉਸਤੋਂ ਬਾਹਰ ਦੇ ਦੇਸਾਂ ਵਿੱਚ ਦੌਰੇ ਕੀਤੇ, ਕਾਨਫਰੰਸਾਂ ਕੀਤੀਆਂ, ਸੰਮੇਲਨ ਕੀਤੇ ਅਤੇ ਸੰਸਾਰ ਨੂੰ ਇਹ ਗੱਲ ਸਮਝਣ ਲਈ ਤਿਆਰ ਕੀਤਾ ਕਿ ਸੁਖ ਸ਼ਾਂਤੀ ਜੀਵ ਰੱਖਿਆ ਵਿੱਚ ਹੈ, ਜਿਸ ਲਈ ਮਨੁੱਖ ਨੂੰ ਆਪਾ ਸੋਧਣ ਦੀ ਵੀ ਲੋੜ ਹੈ। ਦੂਜੇ ਪ੍ਰਾਣੀਆਂ ਦਾ ਭਲਾ ਸੋਚਣ ਦੀ ਵੀ ਲੋੜ ਹੈ। ਕਾਦਰ ਦੀ ਕੁਦਰਤ ਦੇ ਵਾਤਾਵਰਣ ਨੂੰ ਸ਼ੁੱਧ, ਸੁੱਚ ਪਵਿੱਤਰ ਰੱਖਣ ਦੀ ਲੋੜ ਹੈ ਅਤੇ ਇਸ ਗ੍ਰਹਿ ਦੇ ਸਰਵੋਚ ਪ੍ਰਾਣੀ ਨੂੰ ਸ਼ਾਕਾਹਾਰੀ ਬਣਕੇ, ਨਸ਼ਿਆਂ ਤੋਂ ਮੁਕਤੀ ਗ੍ਰਹਿਣ ਕਰਕੇ ਅਤੇ ਆਪਣੀ ਨਸਲ ਨੂੰ ਖਤਮ ਕਰਨ ਵਾਲੇ ਕੁਕਰਮ-ਭਰੂਣ ਹੱਤਿਆ ਤੋਂ ਬਚਣ ਦੀ ਬੜੀ ਲੋੜ ਹੈ। ਆਪ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਹੀ ਧਰਤੀ ਦੀ ਪਵਿੱਤਰਤਾ ਨੂੰ, ਉਪਜਾਊ ਸ਼ਕਤੀ ਨੂੰ ਜੈਵਿਕ ਖੇਤੀ ਨਾਲ ਹੀ ਚੰਗੇਰਾ ਬਣਾਉਣ ਲਈ ਮਾਰਗ ਦਰਸ਼ਨ ਕੀਤਾ। ਜਪ ਪ੍ਰਯੋਗ ਅਤੇ ਭਜਨ-ਬੰਦਗੀ ਦਾ ਪਰਵਾਹ ਚਲਾਇਆ।

ਸ੍ਰੀ ਭੈਣੀ ਸਾਹਿਬ ਵਿੱਚ ਰਾਜਯੋਗ ਗੱਦੀ ਉਤੇ ਪਿਛਲੇ ੫੦ ਸਾਲਾਂ ਤੋਂ ਸੁਭਾਇਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸੁਭ ਪ੍ਰਵਚਨਾਂ, ਉਪਦੇਸ਼ਾਂ ਅਤੇ ਪਵਿੱਤਰ ਦਰਸ਼ਨਾਂ ਰਾਹੀਂ ਸੰਸਾਰ ਨੂੰ ਸੁਖੀ ਸੁਹੇਲਾ ਬਣਾਉਣ ਲਈ ਅਪਾਰ ਕਿਰਪਾ ਕੀਤੀ ਹੈ। ਆਪ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੁਤੰਤਰਤਾ ਦੇ ਝੁਲਾਏ ਹੋਏ ਝੰਡੇ ਨੂੰ ੧੫੦ ਸਾਲਾਂ ਬਾਅਦ ੨੦੦੭ ਵਿੱਚ ਓਸੇ ਥਾਂ ਤੇ ਸ੍ਰੀ ਭੈਣੀ ਸਾਹਿਬ ਵਿਖੇ ਫੇਰ ਲਹਿਰਾਇਆ । ਏਸੇ ਸ੍ਰੀ ਭੈਣੀ ਸਾਹਿਬ ਨੂੰ ਚਿੱਤਰਾਂ ਰਾਹੀਂ ਇਸ ਰਚਨਾ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

੧੦-੧੦-੨੦੦੯

-ਤਾਰਾ ਸਿੰਘ ਅਨਜਾਣ



ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਸੁਤੰਤਰਤਾ ਸੰਗਰਾਮ, ਸਵਦੇਸ਼ੀ ਅਤੇ ਨਾਮਿਲਵਰਤਨ ਲਹਿਰ ਦੇ ਬਾਨੀ

Sri Satguru Ram Singh Ji
Pioneer of Non-Violent, Non-Cooperation, Swadeshi Movement for the Freedom of India

Namdhari Elibrary NamdhariElibrary@gmail.com

SRI BHAINI SAHIB

Land of Social, Spiritual and Political Revolution

On 12th April 1857, one month before the misnamed Indian mutiny Satguru Ram Singh Ji raised high the triangular white flag of Indian Independence at **Sri Bhaini Sahib**. Satguru Ram Singh ji uttered a new pledge to be fulfilled and saw a new vision to be realized in the country. It represented upliftment of moral values, social reform, clean living, honest earning, equality and simplicity when people in the Punjab had almost forgotten the message of Guru Nanak Dev and Guru Gobind Singh. The Kuka Movement offered nothing but total non-cooperation to the Britishers when many of the Sikh Chieftains had been the helpless victims of lust and greed by attracting the favours of the foreign masters. From **Sri Bhaini Sahib** it preached and practiced '*Swadeshi*'. The Britishers feared and saw the signs of general revolution organised by Satguru Ram Singh and his followers. In January 1872 they massacred Kukas at Malerkotla and deported Satguru Ji to Rangoon under Bengal Regulation III of 1818.

A permanent police post was stationed by the Britishers outside the residence of Sri Satguru Hari Singh Ji at **Sri Bhaini Sahib**. He kept Kuka movement alive and would secretly send his emissaries to Russia, Afghanistan and Nepal. In the beginning of earlier 20th century when Congress Party came in forefront of freedom struggle, the Kuka Sikhs under the directions of Sri Satguru Partap Singh Ji gave full support to the Party for achieving the Independence of the country.

After assuming pontification of the sect in 1959 at **Sri Bhaini Sahib**, His Holiness Sri Satguru Jagjit Singh Ji with his sagacity and forward looking modern approaches has kept the Namdhari Sikhs in the forefront of developing India. He is always invigorating and inspiring the process of evolution of Namdhari Sikhs for the national solidarity. By providing the modern facilities at **Sri Bhaini Sahib** His Holiness profoundly contributed to the cause of classical music, art, social-upliftment, sports and kept regular personal contacts with the followers of his spiritual kingdom in the country and in all other continents of the world.

Sri Satguru Jagjit Singh Ji, from **Sri Bhaini Sahib**, played the leading role in the World Peace Movement and World Vegetarian Conferences to make the planet earth pollution free, a better living place with clean environment for the living-beings. In this direction Satguru Jagjit Singh Ji is a realistic path-finder who phenomenally performed but quietly. His vision of world peace is "Total disarmament including nuclear arms."

Billions of hours of Naam Simran practiced, countless Havans performed at **Sri Bhaini Sahib** to purify the atmosphere ecologically. By meditation (Naam Simran) hundreds of thousands of men and women have benefited and achieved positive attitudinal changes in their mental potential, health and social behavior. They create clean environment wherever they live and contribute to greater comprehensive and spiritual peace. His Holiness preaches by practicing Naam Simran, the person remains at peace with himself that brings peace to the world around him.

With the blessings of His Holiness, on the occasion of celebration of 50 glorious years of His Guru-Gaddi in 2009, past and present of **Sri Bhaini Sahib** is being delineated in this illustrated book.

10.10.2009 **-H.S.Hanspal**



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

Sri Satguru Jagjit Singh Ji

Completed 50 Glorious Years of Gurgaddi in 2009

Namdhari Elibrary NamdhariElibrary@gmail.com

ਮੁੱਖ ਦੁਆਰ

Main Entrance

Namdhari Elibrary NamdhariElibrary@gmail.com



1

2

3

ਰਾਈਆਂ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਅਸਥਾਨ - ਸ੍ਰੀ ਭੈਣੀ ਸਾਹਿਬ ਤੋਂ ਡੇਢ ਕਿਲੋਮੀਟਰ ਲਹਿੰਦੇ ਵੱਲ।

੧. ਸੁਤੰਤਰਤਾ ਦਾ ਪ੍ਰਤੀਕ ਲਹਿਰਾਉਂਦਾ ਸਫੈਦ ਝੰਡਾ।

੨. ਭਜਨ ਦੀ ਅਖੰਡ ਵਰਨੀ ਦਾ ਪ੍ਰਵਾਹ।

੩. ਪੁਰਾਣੀ ਇਮਾਰਤਸਾਜ਼ੀ ਦਾ ਨਮੂਨਾ।

Raiyan

The sacred birth place of Sri Satguru Ram Singh Ji, 1.5 Kilometres west of Sri Bhaini Sahib.

1. White flag of peace and prosperity.
2. Akhand Varni - 24 hrs. x 365 days continuous Naam Simran.
3. View of antique original building.

Namdhari Elibrary NamdhariElibrary@gmail.com



ਅਕਾਲ ਬੁੰਗਾ

੧੬੦ ਕੁ ਸਾਲ ਪੁਰਾਣੀ ਕੱਚੀ ਕੋਠੜੀ ਅਤੇ ਥੜ੍ਹਾ ਜਿੱਥੇ ਬੈਠ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭਜਨ ਬੰਦਗੀ ਅਤੇ ਚਿੰਤਨ ਕਰਿਆ ਕਰਦੇ ਸਨ।

Akaal Bunga

Meditation place of Sri Satguru Ram Singh Ji. Preserved in original shape 160 years old cubicle and platform made of mud.



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੧੨ ਅਪਰੈਲ ੧੮੫੭ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਫੈਦ ਝੰਡਾ ਝੁਲਾਕੇ ਸਿੱਖੀ ਦੀ ਪੁਨਰ ਸਾਜਨਾ ਕੀਤੀ ਅਤੇ ਦੇਸ਼ ਦੀ ਅਜ਼ਾਦੀ ਲਈ ਸਭ ਤੋਂ ਪਹਿਲਾਂ ਅੰਗਰੇਜ਼ੀ ਰਾਜ ਵਿਰੁੱਧ ਨਾਮਿਲਵਰਤਨ ਅਤੇ ਸਵਦੇਸ਼ੀ ਦੀ ਲਹਿਰ ਸ਼ੁਰੂ ਕੀਤੀ।

Sri Satguru Ram Singh Ji revived Sikhism and hoisted the white triangular flag at Sri Bhaini Sahib on 12 April 1857. He launched the first non-violent, non cooperation, Swadeshi movement for the independence of India, historically known as Kuka Movement.

Namdhari Elibrary NamdhariElibrary@gmail.com



Amar Loh

'Amar Loh' was installed by Sri Satguru Ram Singh Ji in Samvat 1918 (1861 AD). And is being continuously used even today. During the severe drought of Samvat 1956 (1899AD), thousands of people from Rajasthan and Beegarh areas converged in Sri Bhaini Sahib. Satguru Hari Singh Ji provided them food for months together from the Amar Loh, irrespective of their caste, colour or creed.

Namdhari Elibrary NamdhariElibrary@gmail.com

੩੧ ਮਈ ੧੮੬੩ ਈ. ਨੂੰ ਪਿੰਡ ਸਿਆੜ੍ਹ ਜ਼ਿਲਾ ਲੁਧਿਆਣਾ ਵਿਖੇ ਬੀਬੀਆਂ ਨੂੰ ਪਹਿਲੀ ਵਾਰ ਅੰਮ੍ਰਿਤ ਛਕਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਦਾ ਮਾਣ ਵਧਾਇਆ। ਸਿੱਖ ਇਤਿਹਾਸ ਅਨੁਸਾਰ ਇਸ ਤੋਂ ਪਹਿਲਾਂ ਬੀਬੀਆਂ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਜਾਂਦਾ।

On 31 May 1863 in village Siarh, Dist. Ludhiana, Sri Satguru Ram Singh Ji baptised women with the Holy 'Amrit' for the first time in the Sikh history and offered them place of honour.

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ੧੨ ਅਪਰੈਲ ੧੮੫੭ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਗਿਆ।

Five Sikhs were baptized by Sri Satguru Ram Singh Ji on 12 April 1857 at Sri Bhaini Sahib.



੩ ਜੂਨ ੧੮੬੩ ਈ. ਨੂੰ ਪਿੰਡ ਖੋਟੇ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੀ ਵਾਰ ਲਾਵਾਂ ਪੜ੍ਹਕੇ ਛੇ ਜੋੜਿਆਂ ਦੇ ਸਮੂਹਿਕ ਅਤੇ ਅੰਤਰਜਾਤੀ ਅਨੰਦ ਕਾਰਜ ਕਰਨ ਦੀ ਕਿਰਪਾ ਕੀਤੀ। ਉਹੀ ਮਰਯਾਦਾ ਅੱਜ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਸ਼ ਸਦਕਾ ਚਲ ਰਹੀ ਹੈ।

Sri Satguru Ram Singh Ji introduced Anand Marriage ceremony by reciting hymns of 'Lavan' from Sri Adi Granth Sahib for the first time on 3 June 1863 at village Khote. The same Maryada of Mass inter-caste marriages is being maintained by the present His Holiness Sri Satguru Jagjit Singh Ji.

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ੩ ਜੂਨ ੧੯੬੩ ਈ. ਨੂੰ ਪਿੰਡ ਖੋਟੇ (ਜ਼ਿਲ੍ਹਾ ਮੋਗਾ) ਵਿਖੇ ਅਨੰਦ ਕਾਰਜਾਂ ਦੀ ਸ਼ਤਾਬਦੀ ਮਨਾਉਣ ਸਮੇਂ ੧੫0 ਜੋੜਿਆਂ ਦੇ ਸਮੂਹਿਕ ਅਨੰਦ ਕਾਰਜ ਕੀਤੇ ਗਏ।

In the Holy presence of Sri Satguru Jagjit Singh Ji, 150 mass marriages were performed on 3 June 1863 at village Khote (Moga) to celebrate the centenary of Anand Karaj Maryada initiated by Sri Satguru Ram Singh Ji.

Namdhari Elibrary NamdhariElibrary@gmail.com

ਅੰਮ੍ਰਿਤਸਰ ਦੇ ਸ਼ਹੀਦ

ਦੇਸ਼ ਦੀ ਸੁਤੰਤਰਤਾ ਅਤੇ ਸ੍ਰੀ ਹਰਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ ਲਈ ੧੫ ਸਤੰਬਰ ੧੮੭੧ ਈ. ਨੂੰ ਰਾਮ ਬਾਗ, ਅੰਮ੍ਰਿਤਸਰ ਵਿਖੇ ਫਾਂਸੀਆਂ ਆਪਣੇ ਗਲੀਂ ਪਾ ਕੇ ਮੌਤ ਨੂੰ ਮਖੌਲ ਕਰਦੇ ਹੋਏ ਚਾਰ ਨਾਮਧਾਰੀ ਸਿੰਘ-ਸਰਵ ਸੰਤ ਲਹਿਣਾ ਸਿੰਘ ਪਿੰਡ ਪੰਨਵ, ਬੀਹਲਾ ਸਿੰਘ ਪਿੰਡ ਨਾਰਲੀ, ਫਤਿਹ ਸਿੰਘ ਅੰਮ੍ਰਿਤਸਰ ਅਤੇ ਹਾਕਮ ਸਿੰਘ ਪਿੰਡ ਮੌੜ।

Martyrs of Amritsar

For the sake of independence of India and to preserve sanctity of Sri Harmandir Sahib Amritsar, four Namdhari Sikhs : Sant Lehna Singh, Sant Beehla Singh, Sant Fateh Singh and Sant Hakam Singh were hanged to death openly by the British Government on 15th September 1871 at Ram Bagh Amritsar to terrorise the masses and banish the Kuka Movement.

ਮਲੇਰਕੋਟਲੇ ਦੇ ਸ਼ਹੀਦ

ਮਲੇਰਕੋਟਲੇ ਵਿਖੇ ਜਮਾਲਪੁਰ ਦੇ ਰੱਕੜ ਵਿੱਚ ਤੋਪਾਂ ਅੱਗੇ ਖਲੋ ਕੇ ਦੇਸ਼ ਕੌਮ ਲਈ ਕੁਰਬਾਨੀ ਦਿੰਦੇ ਹੋਏ ਨਾਮਧਾਰੀ ਸਿਰਲੱਥ ਸੂਰੇ। ੧੯ ਜਨਵਰੀ ਨੂੰ ਤੋਪ ਅੱਗੇ ਢੇਮਾਂ ਜੋੜ ਕੇ ਖੜ੍ਹਾ, ਸ਼ਹੀਦਾਂ ਨਾਲ ਰਲਣ ਲਈ ਕਾਹਲਾ ਮਹਿਰਾਜ ਦਾ ਵਰਿਆਮ ਸਿੰਘ। ੧੭ - ੧੯ ਜਨਵਰੀ ੧੮੭੨ ਨੂੰ ਮਲੇਰਕੋਟਲੇ ੬੫ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਅਤੇ ਇੱਕ ੧੨ ਸਾਲ ਦੇ ਬੱਚੇ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਟੋਟੇ ਟੋਟੇ ਕਰਕੇ ਸ਼ਹੀਦ ਕੀਤਾ ਗਿਆ।

Martyrs of Malerkotla

On 17-18 January 1872, 65 Namdhari Sikhs were blown away with the canons at Malerkotla by the British Government to brutally suppress the Kuka Movement. Bishan Singh, 12 years old lad was cut to pieces with sword. A Memorial has been raised at Malerkotla in the memory of 66 martyrs.

Namdhari Elibrary NamdhariElibrary@gmail.com

੧੭ ਜਨਵਰੀ ੧੮੭੨ ਦੀ ਕਾਲੀ ਬੋਲੀ ਰਾਤ ਨੂੰ ਗੱਡੇ ਤੇ ਬੈਠੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਲੁਧਿਆਣੇ ਨੂੰ ਰਵਾਨਾ ਹੁੰਦੇ ਹੋਏ ਜਿੱਥੋਂ ਉਹਨਾਂ ਨੂੰ ਗ੍ਰਿਫਤਾਰ ਕਰਕੇ ਰਾਜਸੀ ਕੈਦੀ ਵਜੋਂ ਇਲਾਹਾਬਾਦ ਭੇਜ ਦਿੱਤਾ ਗਿਆ ਅਤੇ ਬਾਦ ਵਿੱਚ ਕਲਕੱਤੇ ਰਾਹੀ ਉਹਨਾਂ ਨੂੰ ਰੰਗੂਨ (ਮਯਾਂਮਾਰ) ਜਲਾਵਤਨ ਕੀਤਾ ਗਿਆ।

On the night of 17 January 1872, Sri Satguru Ram Singh Ji leaving Sri Bhaini Sahib for Ludhiana from where He was sent to Allahabad, Calcutta and ultimately exiled to Rangoon (Myanmar) as state prisoner.

ਰਾਮ ਮੰਦਰ ਕੰਪਲੈਕਸ ਵਿੱਚ ਰੱਖਿਆ ਹੋਇਆ ਪ੍ਰਦੇਸ ਗਵਨ ਦਾ ਪ੍ਰਤੀਕ ਗੱਡਾ।

Replica of the cart used by Sri Satguru Ram Singh Ji.

Namdhari Elibrary NamdhariElibrary@gmail.com



ਗੱਦੀ - ਸਾਹਿਬ ਵਾਲਾ ਚੁਬਾਰਾ
ਨਿਵਾਸ ਅਸਥਾਨ ਸਤਿਗੁਰੂ ਹਰੀ ਸਿੰਘ ਜੀ

ਇਹ ਪਵਿੱਤਰ ਅਸਥਾਨ ਸਤਿਗੁਰੂ ਹਰੀ ਸਿੰਘ ਜੀ ਦਾ ਨਿਵਾਸ ਤੇ ਤਪ ਅਸਥਾਨ ਸੀ। ਡੇਰੇ ਦੀ ਚਾਰ ਦੀਵਾਰੀ ਤੋਂ ਬਾਹਰ ਡਿਓਢੀ ਵਿਖੇ ਨਿਗਰਾਨੀ ਲਈ ਸਥਾਈ ਪੁਲਿਸ ਚੌਕੀ ਸਰਕਾਰ ਨੇ ਬਿਠਾਈ ਹੋਈ ਸੀ। ਇਸ ਅਸਥਾਨ ਤੋਂ ਹੀ ਸਤਿਗੁਰੂ ਹਰੀ ਸਿੰਘ ਜੀ ਸੁਤੰਤਰਤਾ ਦੀ ਲੜਾਈ ਜਾਰੀ ਰੱਖਣ ਹਿਤ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਾਨੁਸਾਰ, ਰੂਸ ਅਤੇ ਕਾਬੁਲ ਵੱਲ ਆਪਣੇ ਦੂਤ ਗੁਪਤ ਰੂਪ ਵਿੱਚ ਭੇਜਦੇ ਹੁੰਦੇ ਸਨ। ਰੰਗੂਨ ਆਉਣ ਜਾਣ ਵਾਲਿਆਂ ਨਾਲ ਵੀ ਏਥੇ ਹੀ ਗੁਪਤ ਮੁਲਾਕਾਤਾਂ ਕਰਿਆ ਕਰਦੇ ਸਨ।

ਗੁਰੂ ਹਰੀ ਸਿੰਘ ਜੀ ਦੇ ਨਿਵਾਸ ਅਸਥਾਨ ਵਿੱਚ ਬੈਠ ਕੇ ਤਪ ਕਰਨ ਅਤੇ ਗੁਪਤ ਮੀਟਿੰਗਾਂ ਕਰਨ ਕਰਕੇ ਹੀ ਇਸ ਥਾਂ ਨੂੰ 'ਗੱਦੀ ਵਾਲਾ ਚੁਬਾਰਾ' ਕਿਹਾ ਜਾਂਦਾ ਹੈ।

GADDI - SAHIB WALA CHAUBARA

The residence cum place of meditation of Sri Satguru Hari Singh Ji. A permanent police post was stationed by the Britishers outside its main gate. Satguru Hari Singh Ji kept Kuka Movement alive and would secretly send his emissaries to Russia, Afghanistan and Nepal from this place. Sikhs who visited Rangoon would come here to report and brief him. They would hand over the Hukamnamas of Sri Satguru Ram Singh Ji to him.



ਸ਼ਾਤ ਮੂਰਤ, ਸਿੱਖੀ ਨੂੰ ਹਰੀ ਰੱਖਣਹਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ (੧੮੧੯-੧੯੦੬)
Sri Satguru Hari Singh Ji (1819-1906)

Namdhari Elibrary NamdhariElibrary@gmail.com



ਖਰਾਸ (ਸਥਾਪਤ ੨੫ ਸਤੰਬਰ ੧੮੯੫) Grinding Mill (Installed on 25th September 1895)

੧੯੫੬ ਬਿ. (੧੮੯੯ ਈ.) ਦੇ ਮਹਾਂ ਕਾਲ ਸਮੇਂ ਰੋਜ਼ਾਨਾ ਹਜ਼ਾਰਾਂ ਕਾਲ ਪੀੜਤਾਂ ਦੇ ਸ੍ਰੀ ਭੈਣੀ ਸਾਹਿਬ ਦੇ ਸਦਾ ਵਰਤ ਤੋਂ ਪ੍ਰਸ਼ਾਦਾ ਛਕਣ ਦੀ ਖਬਰ ਲੰਡਨ ਤੱਕ ਪਹੁੰਚੀ ਤਾਂ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਸ੍ਰੀ ਭੈਣੀ ਸਾਹਿਬ ਆਕੇ ਇਸ ਦੀ ਸਿਫਤ ਕਰਦਿਆਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਲੰਗਰ ਲਈ ੧੦੦ ਮੁਰੱਬੇ (੨੫੦੦ ਏਕੜ) ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ। ਸ੍ਰੀ ਸਤਿਗੁਰੂ ਜੀ ਨੇ ਰੰਗ ਵਿੱਚ ਹੋ ਕੇ ਬਚਨ ਕੀਤਾ, " ਇਹ ਸਾਰੀ ਧਰਤੀ ਸਾਡੀ ਹੈ, ਜੇ ਦੇਣੇ ਹਨ ਤਾਂ ਵਲੈਤ ਦੀ ਧਰਤੀ ਵਿੱਚੋਂ ਦੇਹ"। ਡਿਪਟੀ ਕਮਿਸ਼ਨਰ ਚੁੱਪ ਕਰਕੇ ਵਾਪਸ ਚਲਾ ਗਿਆ।

In 1899, severe drought gripped large part of north India. People from Rajasthan and Beegarh areas heard about Sadavarat Langar (Round the Clock free Community Kitchen) at Sri Bhaini Sahib being run by Satguru Hari Singh Ji. They thronged Sri Bhaini Sahib alongwith their children and cattle for food and fodder. Deputy Commissioner of Ludhiana visited Sri Bhaini Sahib and offered 100 Murabas (2500 Acres) of land to Satguru Hari Singh Ji for the Langar. Satguru Ji firmly refused his offer saying that this land belongs to us. Give land from Britain if he could. The Deputy Commissioner had no answer.

Namdhari Elibrary NamdhariElibrary@gmail.com

ਕੋਠੀ ਨੰਬਰ ਇੱਕ
ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਿਵਾਸ ਅਸਥਾਨ।
ਇਸ ਕੋਠੀ ਦੀ ਉਸਾਰੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਹੋਈ।

Kothi Number 1
The holy residence of His Holiness Sri Satguru Jagjit Singh Ji.
It was built during Sri Satguru Hari Singh Ji's period.

Namdhari Elibrary NamdhariElibrary@gmail.com

ਪ੍ਰਕਾਸ਼ ਅਸਥਾਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਇਹ ਅਸਥਾਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਹੈ। ਏਥੇ ਚੇਤਰ ਵਦੀ ਤੀਜ, ਸੰਮਤ ੧੯੪੬ ਬਿ. (੯ ਮਾਰਚ ੧੮੯੦ ਈ) ਨੂੰ ਸਤਿਗੁਰੂ ਹਰੀ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਜੀਵਨ ਕੌਰ ਜੀ ਦੀ ਕੁੱਖੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਗਟੇ। ਏਸੇ ਅਸਥਾਨ ਤੇ ਕੱਤਕ ਸੁਦੀ ਇਕਾਦਸ਼ੀ, ਸੰਮਤ ੧੯੭੭ ਬਿਕਰਮੀ (੨੨ ਨਵੰਬਰ ੧੯੨੦ ਈ.) ਨੂੰ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਭੁਪਿੰਦਰ ਕੌਰ ਜੀ ਦੀ ਕੁੱਖੋਂ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਗਟੇ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ ਸਮੇ ਡੇਰੇ ਦੇ ਬਾਹਰ ਡਿਓਡੀ ਤੇ ੧੮੭੨ ਈ. ਤੋਂ ਅੰਗਰੇਜ਼ ਸਰਕਾਰ ਵਲੋਂ ਬਿਠਾਈ ਪੁਲਿਸ ਚੌਂਕੀ ਜਾਰੀ ਸੀ। ਇਸ ਤਰ੍ਹਾਂ ਦੋਨਾਂ ਸਤਿਗੁਰੂ ਜੀ ਦਾ ਜਨਮ ਭਗਵਾਨ ਕ੍ਰਿਸ਼ਨ ਜੀ ਵਾਗੂੰ ਬੰਦੀ ਗ੍ਰਹਿ ਵਾਲੀ ਅਵਸਥਾ ਵਿੱਚ ਹੋਇਆ।

Sacred Birth Place of Sri Satguru Partap Singh Ji and Sri Satguru Jagjit Singh Ji

Holy births of Sri Satguru Partap Singh Ji on 9th March 1890 and Sri Satguru Jagjit Singh Ji on 22nd November 1920 took place in this auspicious room. The Britishers had stationed a permanent police post outside the main gate of this place since 1872 which was removed after the pious birth of present His Holiness.



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
Satguru Partap Singh Ji

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹਰੀਮੰਦਰ ਜਿੱਥੇ ਸਦਾ ਨਾਮ-ਸਿਮਰਨ ਅਤੇ
ਭਜਨ ਬੰਦਗੀ ਦਾ ਪ੍ਰਵਾਹ ਚਲਦਾ ਰਹਿੰਦਾ ਹੈ ਅਤੇ ਰੋਜ਼ਾਨਾ ਨਾਮ ਸਿਮਰਨ, ਆਸਾ ਦੀ ਵਾਰ ਅਤੇ ਪਿਛਲੇ ਪਹਿਰ ਦਾ ਕੀਰਤਨ ਕੀਤਾ ਜਾਂਦਾ ਹੈ।

Hari Mandir was built by Satguru Partap Singh Ji in the holy memory of
Sri Satguru Hari Singh Ji. Naam Simran, Asa di Vaar, Katha, Keertan are daily performed in Hari Mandir.

Namdhari Elibrary NamdhariElibrary@gmail.com

ਚੰਡੀ ਦੀ ਵਾਰ ਦੇ ਪਹਿਲੀ ਵਾਰ ਹੋਏ ਸਵਾ ਲੱਖ ਪਾਠਾਂ ਸਮੇਂ ਬਣਿਆ ਹਵਨ ਕੁੰਡ-੧੯੩੭ ਈ.
This Havan Kund (Fire Place) was made in 1937 A.D. when 1.25 lac Path of Chandi Di Vaar were performed for the first time.

ਇਸ ਸਥਾਨ ਤੇ ਗੁਰਮਰਯਾਦਾ ਅਨੁਸਾਰ ਸੁਚ ਸੋਧ ਦੇ ਨਾਲ ਅਖੰਡ ਪਾਠਾਂ ਦਾ ਪ੍ਰਵਾਹ ਚਲਦਾ ਰਹਿੰਦਾ ਹੈ।
Akhand Paths are performed here according to Namdhari Rehat Maryada.

ਨੀਲੋਂ ਨਹਿਰ (ਸਰਹਿੰਦ) ਦਾ ਉਹ ਅਸਥਾਨ ਜਿੱਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੦੬ ਈ. ਨੂੰ ਪਹਿਲਾ ਜਪ ਪ੍ਰਯੋਗ ਕੀਤਾ।
Neelon Dera: First Jap Paryog was started here by Sri Satguru Partap Singh Ji in 1906 A.D.



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ਸਰਬਤ ਦੇ ਭਲੇ ਅਤੇ ਵਿਸ਼ਵ ਸ਼ਾਂਤੀ ਲਈ ਅਰੰਭ ਕੀਤੀ ਅਖੰਡ ਵਰਨੀ ਜਿਹੜੀ ਨਿਰੰਤਰ ਚੱਲ ਰਹੀ ਹੈ।
Sri Satguru Partap Singh Ji started Varni (uninterrupted, continuous Naam Simran) for the welfare of mankind and world peace.

Namdhari Elibrary NamdhariElibrary@gmail.com

ਗੋਲ ਮੰਦਰ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਣਾਉਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਅਕਸਰ ਏਥੇ ਬਿਸਰਾਮ ਕਰਦੇ ਸਨ ਅਤੇ ੨੨ ਅਗਸਤ ੧੯੫੯ ਈ. ਨੂੰ ਏਥੇ ਹੀ ਆਪ ਜੀ ਜੋਤੀ ਜੋਤ ਸਮਾਏ।

Gole Mandir

It was built by Satguru Partap Singh Ji. He used to take rest in this Mandir and left for his heavenly abode on 22 August 1959 in Gole Mandir.



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਨਵ ਉਸਰੇ ਸ੍ਰੀ ਭੈਣੀ ਸਾਹਿਬ ਦੇ ਸਥਾਨਾਂ ਦੀ ਇੱਕ ਝਲਕ।

Glimpses of modern day Sri Bhaini Sahib developed with the blessings of His Holiness Sri Satguru Jagjit Singh Ji.

ਰਾਮ ਮੰਦਰ ਕੰਪਲੈਕਸ Ram Mandir Complex

ਹਰੀ ਮੰਦਰ Hari Mandir

ਪ੍ਰਤਾਪ ਮੰਦਰ Partap Mandir

ਨੀਲੋਂ ਡੇਰਾ Neelon Dera

ਸਦਾ ਵਰਤ ਲੰਗਰ Langar

ਕੋਠੀ ਨੰਬਰ ੧ Kothi No.1

ਕੋਠੀ ਨੰਬਰ ੨ Kothi No.2


ਸਰੋਵਰ Sarover


ਅਖੰਡ ਵਰਨੀ Akhand Varni

ਆਉ ਭਗਤ Reception

ਪ੍ਰਬੰਧਕੀ ਵਿਭਾਗ Administrative Block

ਰਾਮ ਮੰਦਰ ਕੰਪਲੈਕਸ Ram Mandir Complex

ਇਨਡੋਰ ਸਟੇਡੀਅਮ Indoor Stadium

ਸਤਿਜੁਗ Satjug

ਗੈਸਟ ਹਊਸ Guest House

ਕੁਟੀਆ Hermitages

ਡੇਰੇ Flats

ਨਾਮਧਾਰੀ ਸੀਡਜ਼ ਰਾਈਆਂ Namdhari Seeds Raiyan


ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।
His Holiness Sri Satguru Jagjit Singh Ji

Namdhari Elibrary NamdhariElibrary@gmail.com

ਪ੍ਰਬੰਧਕੀ ਬਲਾਕ
Administrative Block

ਆਓ ਭਗਤ
Reception

ਸਾਧ-ਸੰਗਤ ਲਈ ਡੇਰੇ
Flats for Sadh Sangat

ਕੁਟੀਆ
Hermitages

Namdhari Elibrary NamdhariElibrary@gmail.com

ਨਾਮਧਾਰੀ ਹਾਕੀ ਇਲੈਵਨ ਜਿਹੜੀ ਭਾਰਤ ਦੀਆਂ ਸਿਰਕੱਢ ਟੀਮਾਂ ਵਿੱਚੋਂ ਇੱਕ ਹੈ, ਦੇ ਲਈ ਐਸਟਰੋਟਰਫ।
Astroturf has been laid for the Namdhari Hockey Eleven, one of the best among the top few teams of India.

ਸ੍ਰੀ ਭੈਣੀ ਸਾਹਿਬ ਦਾ ਇਨਡੋਰ ਸਟੇਡੀਅਮ।
Indoor Stadium Sri Bhaini Sahib.

Namdhari Elibrary NamdhariElibrary@gmail.com

ਕੋਠੀ ਨੰਬਰ ੨
Kothi No. 2

ਲੰਗਰ ਹਾਲ
Langar Hall

ਗੈਸਟ ਹਾਊਸ
Guest House



ਲੰਗਰ ਛਕਦੀ ਸਾਧ-ਸੰਗਤ
Langar - Free food - being served to Sadh Sangat

Namdhari Elibrary NamdhariElibrary@gmail.com

ਰਾਮ ਮੰਦਰ ਕੰਪਲੈਕਸ ਵਿੱਚ ਸਾਧ-ਸੰਗਤ ਦੀ ਰਿਹਾਇਸ਼ ਲਈ ਬਣੇ ਵਿਸ਼ੇਸ਼ ਕਮਰੇ।

Special Flats for Sadh Sangat in the Ram Mandir Complex.



ਨਾਮਧਾਰੀ ਮਰਯਾਦਾ ਦਾ ਪ੍ਰਤੀਕ-ਗੜਵਾ

Garhwa -Icon of Namdhari Maryada designed by Sri Satguru Ram Singh Ji.

ਰਾਮ ਮੰਦਰ ਕੰਪਲੈਕਸ ਦਾ ਮੁੱਖ ਦਰਵਾਜ਼ਾ

Main gate of Ram Mandir Complex

Namdhari Elibrary NamdhariElibrary@gmail.com

ਗਊਸ਼ਾਲਾ ਸ੍ਰੀ ਭੈਣੀ ਸਾਹਿਬ
Go-shala Sri Bhaini Sahib

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ, ਬਿਨਾਂ ਥੰਮਾਂ ਤੋਂ ਉਸਾਰਿਆ ਗਿਆ ਪ੍ਰਤਾਪ ਮੰਦਰ।

Partap Mandir: Dedicated to Sri Satguru Partap Singh Ji. An engineeing marvel, built without pillars.

Namdhari Elibrary NamdhariElibrary@gmail.com



ਰਾਮਸਰ ਸ੍ਰੀ ਭੈਣੀ ਸਾਹਿਬ

Ramsar Sri Bhaini Sahib

Namdhari Elibrary NamdhariElibrary@gmail.com



੨੨ ਦਸੰਬਰ ੨੦੦੮ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਅਤੇ ਛੇ ਹੋਰ ਸੁਤੰਤਰਤਾ ਸੰਗਰਾਮੀਆਂ ਦੇ ਚਿੱਤਰਾਂ ਤੋਂ ਪਾਰਲੀਮੈਂਟ ਦੇ ਕੇਂਦਰੀ ਹਾਲ ਵਿੱਚ ਪਰਦਾ ਹਟਾਇਆ। ਉਪ-ਰਾਸ਼ਟਰਪਤੀ ਸ਼੍ਰੀ ਮੁਹੰਮਦ ਹਾਮਿਦ ਅੰਸਾਰੀ, ਸਪੀਕਰ ਲੋਕ ਸਭਾ ਸ਼੍ਰੀ ਸੋਮ ਨਾਥ ਚੈਟਰਜੀ, ਸ਼੍ਰੀ ਐਲ ਕੇ ਅਡਵਾਨੀ, ਡਾ. ਇੰਦਰ ਕੁਮਾਰ ਗੁਜਰਾਲ ਤੇ ਹੋਰ ਬਹੁਤ ਸਾਰੇ ਪਤਵੰਤੇ ਇਸ ਸਮੇਂ ਹਾਜ਼ਰ ਸਨ।

In the Holy presence of Satguru Jagjit Singh Ji, Dr. Manmohan Singh, Prime Minister of India unveiled the portraits of Sri Satguru Ram Singh Ji and six other freedom fighters in the Central Hall of Parliament. Vice President Shri Mohammad Hamid Ansari, Speaker Shri Somnath Chatterjee, Shri L.K.Advani, Dr. I.K.Gujral and many other dignitaries were present on the occasion.

੧੪ ਅਪਰੈਲ ੨੦੦੭ ਨੂੰ ਰਾਮ ਮੰਦਰ ਕੰਪਲੈਕਸ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਕੂਕਾ ਲਹਿਰ ਦੇ ੧੫੦ ਸਾਲ ਪੂਰੇ ਹੋਣ ਤੇ ਓਸੇ ਸਥਾਨ ਤੇ ਝੰਡਾ ਝੁਲਾਇਆ ਗਿਆ ਜਿਥੇ ੧੨ ਅਪਰੈਲ ੧੮੫੭ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤ ਦੀ ਅਜ਼ਾਦੀ ਦਾ ਸਿੰਘ ਨਾਦ ਕੀਤਾ।

Sri Satguru Jagjit Singh Ji on 14 April 2007 hoisted the white flag to commemorate 150 years of Kuka Movement the first non-violent, non-cooperation, Swadeshi freedom movement against British Rule in India.

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਝੰਡਾ ਲਹਿਰਾਉਣ ਉਪਰੰਤ
ਰਾਮ ਮੰਦਰ ਕੰਪਲੈਕਸ ਵਿੱਚ ਸਾਧ-ਸੰਗਤ ਦਾ ਠਾਠਾਂ ਮਾਰਦਾ ਇਕੱਠ।

Congregation of Sadh Sangat in the Ram Mandir Complex after
His Holiness Sri Satguru Jagjit Singh Ji hoisted the flag.

Namdhari Elibrary NamdhariElibrary@gmail.com

ਰੋਸ਼ਨੀਆਂ ਵਿੱਚ ਜਗਮਗਾ ਰਿਹਾ ਰਾਮ ਮੰਦਰ-੧੪ ਅਪਰੈਲ ੨੦੦੭

Illuminated Ram Mandir on the night of 14 April 2007

Namdhari Elibrary NamdhariElibrary@gmail.com

ਬਿਰਧਸ਼ਾਲਾ
Old Age Home

I see in earlier papers that (Guru) Ram Singh was looked upon as a successor or actual embodiment of Guru Nanak, the saint. He is now the representative of Govind, the warrior.

-Mr. J.W. Mac Nabb,
Commissioner Ambala- Report of 4.11.1871

❖❖❖❖❖

गुरु राम सिंह जी के स्थापित किये हुए आज़ादी के झण्डे के नीचे नामधारियों ने जो कुर्बानियाँ की हैं, हमारे देशवासियों को उन पर सदा गौरव रहेगा। अब फिर देशवासियों के देश प्यार की परीक्षा होने वाली है। पौनी सदी के शान्तिमय असहयोग आंदोलन का अनुभव रखने वाले नामधारी सिंहों से यह आशा की जाती है कि वे आज़ादी का झंडा उठाकर सारे देश के आगे चलते हुए दिखाई देते रहेंगे और दूसरे देशवासियों को भी बलिदान देने के लिए उत्साहित करते रहेंगे।

–नेता जी सुभाष चन्द्र बोस

❖❖❖❖❖

गुरू राम सिंह जी स्वतन्त्रता को भी धर्म का आवश्यक अंग समझते थे। नामधारियों का संगठन बहुत शक्तिशाली हो गया था। हमारे देश में महात्मा गांधी जी ने जो असहयोग इतने जोर से चलाया, उसको गुरू राम सिंह जी ने प्रायः पचास वर्ष पूर्व ही नामधारियों में प्रचलित किया था। उनके सिद्धांतों में पाँच वस्तुयें हैं :

1. सरकारी नौकरी का बहिष्कार
2. सरकारी स्कूलों का बहिष्कार
3. सरकारी अदालतों का बहिष्कार
4. विदेशी वस्त्रों का बहिष्कार
5. ऐसे कानून मानने से इन्कार, जो अपनी आत्मा के विरुद्ध हैं।

– डाक्टर राजेन्द्र प्रसाद

❖❖❖❖❖

"ਨਾਮਧਾਰੀਆਂ ਦੀਆਂ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਤੱਕੜੀ ਦੇ ਇੱਕ ਪੱਲੜੇ ਵਿੱਚ ਪਾਈਆ ਜਾਣ ਅਤੇ ਬਾਕੀ ਹਿੰਦੁਸਤਾਨ ਦੀਆਂ ਦੂਸਰੇ ਵਿੱਚ, ਜੇ ਇਹ ਭਾਰੀਆਂ ਨਾ ਹੋਈਆਂ ਤਾਂ ਘੱਟ ਕਦੀ ਨਹੀਂ ਹੋਣਗੀਆਂ।"

-ਸੋਹਣ ਸਿੰਘ ਭਕਨਾ

❖❖❖❖❖

ਸ੍ਰੀ ਬਾਬਾ ਜੀ (ਗੁਰੂ ਰਾਮ ਸਿੰਘ) ਦੀ ਪਵਿੱਤਰ ਜੀਵਨੀ ਪੜ੍ਹਕੇ ਮੈਨੂੰ ਨਿਸਚਾ ਹੋ ਗਿਆ ਹੈ ਕਿ ਸਿੱਖ ਰਾਜ ਦੇ ਅੰਤ ਪਿੱਛੋਂ ਸਿੱਖੀ ਦਾ ਝੰਡਾ ਉੱਚਾ ਕਰਨ ਵਾਲੇ ਮਹਾਂ ਪੁਰਸ਼ਾਂ ਵਿੱਚੋਂ ਆਪ ਸ਼੍ਰੋਮਣੀ ਹੋਏ ਹਨ। ਸਿੱਖਾਂ ਦੀ ਖੇਰੂੰ-ਖੇਰੂੰ ਹੋਈ ਜਥੇਬੰਦੀ ਨੂੰ ਨਵੇਂ ਸਿਰੇ ਕਾਇਮ ਕਰਨ ਦਾ ਖਿਆਲ ਪਹਿਲੀ ਵਾਰ ਆਪ ਦੇ ਦਿਲ ਵਿੱਚ ਹੀ ਪੈਦਾ ਹੋਇਆ ਸੀ ਤੇ ਉਹ ਸਾਰੀਆਂ ਬੁਰਿਆਈਆਂ ਜੋ ਸਿੱਖਾਂ ਨੂੰ ਡੂੰਘੇ ਟੋਏ ਵਿੱਚ ਸੁੱਟਣ ਦਾ ਕਾਰਨ ਬਣੀਆਂ ਸਨ, ਉਹਨਾਂ ਨੂੰ ਦੂਰ ਕਰਨ ਦੀ ਵਿਉਂਤ ਵੀ ਆਪ ਨੇ ਹੀ ਸੋਚੀ ਸੀ। ਆਪ ਨੇ ਸਭ ਤੋਂ ਪਹਿਲਾਂ ਸਿੱਖਾਂ ਨੂੰ ਭੁੱਲੀ ਹੋਈ ਸਿੱਖੀ ਦਾ ਚੇਤਾ ਕਰਾਇਆ ਤੇ ਨਾਮ-ਬਾਣੀ ਦਾ ਲੜ ਜੋ ਉਹਨਾਂ ਦੇ ਹੱਥੋਂ ਛੁੱਟ ਚੁੱਕਾ ਸੀ, ਬੜੇ ਪਿਆਰ ਨਾਲ ਉਹਨਾਂ ਦੇ ਹੱਥਾਂ ਵਿੱਚ ਦਿੱਤਾ। ਜਿਸ ਵੇਲੇ ਸਿੱਖਾਂ ਨੂੰ ਸਿੱਖੀ ਦਾ ਰੰਗ ਚੜ੍ਹਿਆ, ਉਹਨਾਂ ਦੀ ਅਣਖ ਅਤੇ ਬੀਰਤਾ ਨੇ ਹੁਲਾਰਾ ਖਾਧਾ ਅਤੇ ਉਹ ਸਾਰੇ ਦੇ ਸਾਰੇ ਦੇਸ਼ ਨੂੰ ਅਜ਼ਾਦ ਕਰਨ ਦਾ ਸੁਫਨਾ ਵੇਖਣ ਲੱਗ ਪਏ।

-ਮਾਸਟਰ ਤਾਰਾ ਸਿੰਘ

Namdhari Elibrary NamdhariElibrary@gmail.com